# ਜ਼ਮਾਨਤ ਦੇ ਹੁਕਮ
## (ਸੰਬੰਧ ਨਾ ਰੱਖਣ ਦੇ ਹੁਕਮ )

**Punjabi**

**ਅਜਿਹਾ ਕੋਈ ਵੀ ਕੰਮ ਕਰਣਾ ਜਿਹੜਾ ਜ਼ਮਾਨਤ ਦੇ ਹੁਕਮ ਵੱਲੋਂ ਮਨ੍ਹਾ ਕੀਤਾ ਹੋਏ , ਇਕੱ ਦੰਡਯੋਗ ਅਪਰਾਧ ਹੈ ।**

ਜ਼ਮਾਨਤ ਦਾ ਹੁਕਮ ਅਦਾਲਤ ਦਾ ਅਜਿਹਾ ਹੁਕਮ ਹੈ ਜਿਹੜਾ ਤੁਹਾਨੂੰ ਦੱਸਦਾ ਹੈ ਕਿ ਜਦੋਂ ਤੱਕ ਤੁਹਾਡੇ ਉੱਤੇ ਇਲਜ਼ਾਮ ਲੱਗੇ ਹੋਏ ਹਨ, ਤੁਸੀਂ ਕੀ ਕਰ ਸਕਦੇ ਹੋ ਤੇ ਕੀ ਨਹੀਂ । ਜ਼ਮਾਨਤ ਦੇ ਹੁਕਮਾਂ ਦੀ ਉਲੰਘਨਾ ਕਰਨਾ ਦੰਡਯੋਗ ਅਪਰਾਧ ਹੈ । ਅਜਿਹਾ ਕਰਣ ਤੇ ਤੁਹਾਨੂੰ ਗਿਰਫਤਾਰ ਕਰ ਕੇ ਜੇਲ ਭੇਜਿਆ ਜਾ ਸਕਦਾ ਹੈ । ਕੋਈ ਜੱਜ, ਜਸਟਿਸ ਆਫ਼ ਪੀਸ ਜਾਂ ਪੁਲਿਸ ਅਫ਼ਸਰ ਜ਼ਮਾਨਤ ਦਾ ਹੁਕਮ ਦੇ ਸਕਦੇ ਹਨ ।

ਜੇ ਜ਼ਮਾਨਤ ਦਾ ਹੁਕਮ ਇਹ ਕਹੇ ਕਿ ਤੁਸੀਂ ਸਿੱਧੇ ਜਾਂ ਅਸਿੱਧੇ ਤੌਰ ਤੇ ਕਿਸੇ ਵਿਅਕਤੀ ਯਾ ਵਿਅਕਤੀਆਂ ਨਾਲ ਸੰਬੰਧ ਨਹੀਂ ਰੱਖ ਸਕਦੇ ( ਜਿਸਨੂੰ ਸੰਬੰਧ ਨਾ ਰੱਖਣ ਦਾ ਹੁਕਮ ਕਿਹਾ ਜਾਂਦਾ ਹੈ ), ਤੱਦ ਃ-

- ਤੁਸੀਂ ਓਹਨਾਂ ਵਿਅਕਤੀਆਂ ਨਾਲ ਜ਼ਾਤੀ ਤੌਰ ਤੇ ਕੋਈ ਸੰਬੰਧ ਨਹੀਂ ਰੱਖ ਸਕਦੇ ( ਤੁਸੀਂ ਉਸਨੂੰ ਮਿਲ ਨਹੀਂ ਸਕਦੇ, ਇਸ਼ਾਰਾ ਨਹੀਂ ਕਰ ਸਕਦੇ, ਫ਼ੋਨ ਨਹੀਂ ਕਰ ਸਕਦੇ ਤੇ ਨਾ ਹੀ ਗੱਲ ਕਰ ਸਕਦੇ ਹੋ ) ।
- ਤੁਸੀਂ ਓਹਨਾਂ ਨੂੰ ਚਿੱਠੀ ਨਹੀਂ ਲਿਖ ਸਕਦੇ ਜਾਂ ਸੁਨੇਹਾ ਨਹੀਂ ਭੇਜ ਸਕਦੇ ।
- ਤੁਸੀਂ ਕਿਸੇ ਹੋਰ ਵਿਅਕਤੀ ਨੂੰ ਓਹਨਾਂ ਨੂੰ ਮਿਲਣ ਲਈ ਜਾਂ ਸੁਨੇਹਾ ਦੇਣ ਲਈ ਨਹੀਂ ਕਹ ਸਕਦੇ ।
- ਤੁਸੀਂ ਓਹਨਾਂ ਨੂੰ ਕਿਸੇ ਹੋਰ ਤਰੀਕੇ ਨਾਲ ਸੰਪਰਕ ਨਹੀਂ ਕਰ ਸਕਦੇ ।

ਕਦੀ -ਕਦੀ ਜੱਜ ਜਾਂ ਜਸਟਿਸ ਆਫ਼ ਪੀਸ ਅਜਿਹਾ ਹੁਕਮ ਵੀ ਦੇਣਗੇ ਜਿਸ ਅੰਦਰ ਕੁੱਝ ਸੂਰਤਾਂ ਵਿੱਚ ਸੰਬੰਧ ਰੱਖਣ ਦੀ ਇਜਾਜ਼ਤ ਹੋਵੇ । ਜੇ ਅਜਿਹਾ ਹੋਵੇ ਤਾਂ ਪੱਕੇ ਤਓਰ ਤੇ ਸਮਝ ਲਵੋ ਕਿ ਤੁਹਾਨੂੰ ਕੀ ਕਰਣ ਦੀ ਇਜਾਜ਼ਤ ਹੈ ਅਤੇ ਕੀ ਨਹੀਂ । ਇਹ ਤੁਹਾਡੀ ਜ਼ਿੰਮੇਵਾਰੀ ਹੈ ।

**ਹੋ ਸਕੇ ਤਾਂ ਕਨੂੰਨੀ ਸਲਾਹ ਲੈ ਲਵੋ**

ਸੰਬੰਧ ਨਾ ਰੱਖਣ ਦਾ ਹੁਕਮ ਤੱਦ ਖ਼ਤਮ ਹੋ ਜਾਂਦਾ ਹੈ ਜਦੋਂ ਓਹਨਾਂ ਚਅਰਜਾਂ ਦਾ ਨਿਪਟਾਰਾ ਹੋ ਜਾਵੇ ਜਿਣਾਂ ਨਾਲ ਇਹ ਹੁਕਮ ਸੰਬੰਧਿਤ ਹੈ । ਕੁੱਝ ਹਾਲਤਾਂ ਵਿੱਚ ਤੁਸੀਂ ਜ਼ਮਾਨਤ ਦੇ ਹੁਕਮ ਨੂੰ ਬਦਲਣ ਵਾਸਤੇ ਅਰਜ਼ੀ ਦੇਣ ਦੀ ਹਾਲਤ ਚ ਹੋ ਸਕਦੇ ਹੋ । ਇਹ ਸਿਰਫ਼ ਜੱਜ ਹੀ ਕਰ ਸਕਦਾ ਹੈ । ਜੇ ਤੁਸੀਂ ਜ਼ਮਾਨਤ ਦੇ ਹੁਕਮ ਚ ਬਦਲਾਵ ਵਾਸਤੇ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਕੋਈ ਕਨੂੰਨੀ ਸਲਾਹ ਲੈ ਲਵੋ ।

**Bail Order: No Contact Orders**

Funded by Justice Canada